
# ਰੁੱਖ ਲਗਾਉ, ਰੋਜ਼ੀ ਕਮਾਓ ਅਤੇ ਵਾਤਾਵਰਨ ਬਚਾਓ

**ਸੁਪ੍ਰਿਆ ਪਾਟਿਲ**

**Grow-Trees.com, ਇੱਕ ਸਮਾਜਿਕ ਉਦਮ ਹੈ ਜੋ ਕਿ ਵਿਵਸਾਹਿਕ ਪੱਧਰ 'ਤੇ ਵਿਅਕਤੀਆਂ ਅਤੇ ਕੰਪਨੀਆਂ ਨੂੰ ਉਚਿਤ ਕੀਮਤ ਤੇ ਰੁੱਖ ਲਗਾਉਣ ਦੀ ਸੇਵਾ ਪ੍ਰਦਾਨ ਕਰ ਰਿਹਾ ਹੈ। ਆਪਣੀਆਂ ਵੈੱਬ ਅਧਾਰਿਤ ਸੇਵਾਵਾਂ ਦੁਆਰਾ, ਇਹ ਸੰਗਠਨ ਹਰ ਵਿਅਕਤੀ ਨੂੰ ਵਾਤਾਵਰਨ ਦੀ ਰੱਖਿਆ ਦੇ ਕੰਮ ਵਿੱਚ ਆਪਣਾ ਯੋਗਦਾਨ ਦੇਣ ਦਾ ਮੌਕਾ ਦੇ ਰਿਹਾ ਹੈ।**

ਭਾਰਤ ਵਿੱਚ ਗ੍ਰਾਮੀਣ ਸਮੁਦਾਇ ਲੰਬੇ ਸਮੇਂ ਤੋਂ ਕਈ ਸੁਵਿਧਾਵਾਂ ਤੋਂ ਵੰਚਿਤ ਰਹੇ ਹਨ। ਉਹਨਾਂ ਦੇ ਕੋਲ ਜਿੰਦਾ ਰਹਿਣ ਲਈ ਨਾ ਕੇਵਲ ਬੁਨਿਆਦੀ ਸੁਵਿਧਾਵਾਂ ਦਾ ਅਭਾਵ ਹੈ ਬਲਕਿ ਉਹਨਾਂ ਨੂੰ ਪਾਣੀ, ਭੋਜਨ ਅਤੇ ਨਿਯਮਿਤ ਆਮਦਨੀ ਤੱਕ ਆਪਦੀ ਪਹੁੰਚ ਤੋਂ ਬਿਨਾਂ ਆਪਣੀਆਂ ਜਰੂਰਤਾਂ ਨੂੰ ਪੂਰਾ ਕਰਨਾ ਚੁਣੌਤੀ ਪੂਰਨ ਲੱਗਦਾ ਹੈ। ਇਹਨਾਂ ਵਿੱਚੋ ਜ਼ਿਆਦਾਤਰ ਸਮੁਦਾਇ ਅਜਿਹੇ ਇਲਾਕਿਆਂ ਵਿੱਚ ਰਹਿੰਦੇ ਹਨ ਜਿੱਥੇ ਮਿੱਟੀ ਦੀ ਉਪਜਾਊ ਸ਼ਕਤੀ ਘੱਟ ਹੈ, ਰੁਜ਼ਗਾਰ ਦੇ ਮੌਕੇ ਘੱਟ ਹਨ ਅਤੇ ਪਾਣੀ ਦੇ ਸ੍ਰੋਤ ਪ੍ਰਦੂਸ਼ਿਤ ਹਨ। Grow-Trees.com, ਇੱਕ ਅਜਿਹਾ ਸਮਾਜਿਕ ਉੱਦਮ ਹੈ ਜੋ 2010 ਤੋਂ ਪੂਰੇ ਭਾਰਤ ਰੁੱਖ ਦੇ ਰੋਪਣ ਦੁਆਰਾ ਗ੍ਰਾਮੀਣ ਅਤੇ ਆਦੀਵਾਸੀ ਸਮੁਦਾਇਆਂ, ਸਮਾਜਿਕ ਅਤੇ ਆਰਥਿਕ ਉਤਥਾਨ ਲਈ ਕੰਮ ਕਰ ਰਿਹਾ ਹੈ।



*ਪੌਦ ਰੋਪਣ ਦੀ ਪ੍ਰਕ੍ਰਿਆ ਦੌਰਾਨ ਪਿੰਡ ਦੇ ਲੋਕ ਵਿੰਭਿਨ ਕ੍ਰਿਆ ਕਲਾਪਾਂ ਵਿੱਚ ਸ਼ਾਮਿਲ ਰਹਿੰਦੇ ਹਨ।*

**ਬਾਕਸ 1: ਸ਼੍ਰੀਮਤੀ ਦੇਵੀ ਦੀ ਕਹਾਣੀ**

ਇਸ ਪ੍ਰੋਜੈਕਟ ਨੇ ਵਿਸ਼ਪਰਸ ਦੇ ਇਰੂਨਾ ਆਦੀਵਾਸੀ ਸਮੁਦਾਇ ਦੀ 35 ਸਾਲਾ ਸ਼੍ਰੀਮਤੀ ਦੇਵੀ ਦੇ ਜ਼ਿੰਦਗੀ ਵਿੱਚ ਮਹੱਤਵਪੂਰਨ ਬਦਲਾਅ ਲਿਆਂਦਾ। ਉਸ ਉੱਪਰ ਆਪਣੇ ਤਿੰਨ ਪੁੱਤਰਾਂ ਦੀ ਜਿੰਮੇਦਾਰੀ ਸੀ। ਇਸ ਤੋਂ ਪਹਿਲਾਂ ਦਿਨ ਦੇ 13 ਘੰਟੇ ਦਿਹਾੜੀ ਮਜ਼ਦੂਰ ਦੇ ਤੌਰ ਤੇ ਕਠੋਰ ਕੰਮ ਕਰਨ ਤੇ ਨਾਂ ਤਾ ਉਸ ਨੂੰ ਆਪਣੀ ਪਰਿਵਾਰ ਦੀ ਦੇਖਭਾਲ ਕਰਨ ਲਈ ਸਮਾਂ ਮਿਲਦਾ ਸੀ ਅਤੇ ਨਾਂ ਹੀ ਉਹ ਆਪਣੇ ਬੱਚਿਆਂ ਦੀ ਸਿਹਤ, ਪੜ੍ਹਾਈ, ਲਿਖਾਈ ਬਾਰੇ ਕੋਈ ਸਮਾਂ ਦੇ ਪਾਉਂਦੀ ਸੀ।

ਰੁੱਖ ਰੋਪਣ ਦੇ ਪ੍ਰੋਜੈਕਟ ਵਿੱਚ ਇਕ ਨਰਸਰੀ ਵਰਕਰ ਦੇ ਤੌਰ ਤੇ ਜੁੜਨ ਤੋਂ ਬਾਅਦ ਉਸਨੂੰ ਸੰਸਥਾਪਕ ਵਾਤਾਵਰਣ ਵਿੱਚ ਕੰਮ ਕਰਨਾ ਸਨਮਾਨਜਨਕ ਲੱਗਦਾ ਹੈ ਅਤੇ ਹੁਣ ਉਹ ਆਪਣੇ ਬੱਚਿਆਂ ਦੀ ਪੜਾਈ, ਲਿਖਾਈ ਅਤੇ ਸਿਹਤ ਵੱਲ ਵੀ ਪੂਰਾ ਧਿਆਨ ਦੇ ਪਾਉਂਦੀ ਹੈ ਅਤੇ ਆਪਣੇ ਪਰਿਵਾਰ ਨਾਲ ਪੂਰਾ ਸਮਾਂ ਵੀ ਬਿਤਾਉਂਦੀ ਹੈ। ਉਸਦੇ ਕੰਮ ਦੀ ਉਸਦੇ ਭਾਈਚਾਰੇ ਦੇ ਹੋਰ ਲੋਕ ਵੀ ਸਲਾਹੁਤਾ ਕਰਦੇ ਹਨ।

ਪਿਛਲੇ 10 ਸਾਲਾਂ ਵਿੱਚ ਸੰਸਥਾ ਨੇ ਆਪਣਾ ਕੰਮ ਭਾਰਤ ਦੇ 20 ਰਾਜਾਂ ਵਿੱਚ ਫੈਲਾਇਆ ਹੈ ਜਿੰਨਾ ਵਿੱਚ ਉੜੀਸਾ ਪੱਛਮੀ ਬੰਗਾਲ ਮਹਾਰਾਸ਼ਟਰ, ਝਾਰਖੰਡ, ਮੱਧ ਪ੍ਰਦੇਸ਼, ਕਰਨਾਟਕ, ਆਂਧਰਾ ਪ੍ਰਦੇਸ਼, ਰਾਜਸਥਾਨ, ਬਿਹਾਰ, ਅਰੁਣਾਚਲ ਪ੍ਰਦੇਸ਼, ਉੱਤਰ ਪ੍ਰਦੇਸ਼, ਛੱਤੀਸਗੜ੍ਹ, ਗੁਜਰਾਤ, ਤਾਮਿਲਨਾਡੂ, ਸਿੱਕਮ, ਤੇਲੰਗਾਨਾ, ਉੱਤਰਾਖੰਡ, ਦਿੱਲੀ, ਪਾਂਡੇਚਰੀ ਅਤੇ ਪੰਜਾਬ ਸ਼ਾਮਿਲ ਹਨ। ਕੇਨੀਆ ਦੇ ਚੇਰੰਗਾਨੀ ਹਿਲਸ ਵਿੱਚ ਵਣੀਕਰਨ ਪਰਿਯੋਜਨਾ ਨੇ ਇਸਨੂੰ ਵਿਸ਼ਵ ਪੱਧਰ ਤੇ ਪਹੁੰਚਾ ਦਿੱਤਾ ਹੈ।

**ਪ੍ਰਕ੍ਰਿਆ:**

ਆਪਣੇ ਪ੍ਰੋਜੈਕਟ ਕੋਆਰਡੀਨੇਟਰ, ਪਲਾਂਟਿਗ ਪਾਰਟਨਰ ਅਤੇ ਵਾਤਾਵਰਣ ਖੋਜਕਰਤਾਵਾਂ ਦੀ ਮਦਦ ਨਾਲ ਸ੍ਰੋ - ਸ਼੍ਰੀ ਅਜਿਹੀਆਂ ਸਮੁਦਾਇ ਜ਼ਮੀਨਾਂ ਨੂੰ ਚੁਣਦਾ ਹੈ। ਜਿੱਥੇ ਬਨਸਪਤੀ ਕਰਨ ਅਤੇ ਪੌਦੇ ਲਗਾਉਣ ਦੀ ਲੋੜ ਹੁੰਦੀ ਹੈ ਅਤੇ ਫਿਰ ਇਹ ਆਪਣਾ ਕੰਮ ਸ਼ੁਰੂ ਕਰਦਾ ਹੈ। ਪੌਦੇ ਸਾਝੀਆਂ ਜ਼ਮੀਨਾਂ ਉਪਰ ਲਗਾਏ ਜਾਂਦੇ ਹਨ ਤਾਂ ਕਿ ਖੇਤਰ ਦੇ ਲੋਕਾਂ ਨੂੰ ਜ਼ਿਆਦਾ ਲਾਭ ਮਿਲ ਸਕੇ।

ਪੇਂਡੂ ਭਾਈਚੇਰੇ ਨੂੰ ਪੌਦੇ ਲਗਾਉਣ ਦੀ ਪ੍ਰਕ੍ਰਿਆ ਵਿੱਚ ਸ਼ਾਮਿਲ ਕਰਨ ਲਈ ਜਾਗਰੂਕਤਾ ਮੁਹਿੰਮਾ ਆਯੋਜਿਤ ਕੀਤੀਆਂ ਜਾਂਦੀਆਂ ਹਨ। ਪਿੰਡ ਪੱਧਰ ਤੇ ਪੰਚਾਇਤਾਂ ਅਤੇ ਪਿੰਡ ਦੇ ਲੋਕਾਂ ਨੂੰ ਰੁੱਖਾਂ ਦੇ ਫਾਇਦਿਆਂ, ਉਹਨਾਂ ਦੀ ਦੇਖਭਾਲ ਕਰਨ ਦੇ ਤਰੀਕਿਆਂ ਅਤੇ ਪੂਰੀ ਪ੍ਰਕ੍ਰਿਆ ਬਾਰੇ ਜਾਣਕਾਰੀ ਦੇਣ ਲਈ ਮੀਟਿੰਗਾਂ ਕੀਤੀਆਂ ਜਾਂਦੀਆ ਹਨ। ਇਹਨਾਂ ਮੀਟਿੰਗਾਂ ਦੌਰਾਨ ਯਕੀਨੀ ਬਣਾਇਆ ਜਾਂਦਾ ਹੈ ਕਿ ਪਿੰਡ ਦੇ ਭਾਈਚਾਰੇ ਨੂੰ ਰੁੱਖਾਂ ਦੀ ਕੀਮਤ ਬਾਰੇ ਉਹਨਾਂ ਨੂੰ ਪਤਾ ਲੱਗ ਸਕੇ। ਉਹਨਾਂ ਨੂੰ ਰੁੱਖਾਂ ਬਾਰੇ ਸੰਵੇਦਨਸ਼ੀਲ ਬਣਾਇਆ ਜਾਂਦਾ ਹੈ ਤਾਂ ਕਿ ਉਹ ਇਸ ਜ਼ਮੀਨ ਦਾ ਜ਼ਿਆਦਾ ਸ਼ੋਸਣ ਨਾ ਕਰਨ ਅਤੇ ਚਰਾਈ ਲਈ ਇਸਦਾ ਇਸਤੇਮਾਲ ਨਾ ਕਰਨ।

**ਭਾਰਤ ਦੇ 20 ਰਾਜਾਂ ਵਿੱਚ 4.5 ਮਿਲੀਅਨ ਤੋਂ ਵੱਧ ਰੁੱਖ ਲਗਾਏ ਜਾ ਚੁੱਕੇ ਹਨ, ਪੇਂਡੂ ਸਮੁਦਾਇ ਲਈ ਇਹ ਲਗਭਗ 370,000 ਰੋਜ਼ਗਾਰ ਦੇ ਦਿਨ ਪੈਦਾ ਕਰਦੇ ਹਨ।**

ਪੌਦਿਆਂ ਦੀ ਚੋਣ ਲੰਬੀ ਖੋਜ ਅਤੇ ਮਾਹਿਰਾਂ ਨਾਲ ਅਤੇ ਸਮੁਦਾਇ ਦੇ ਖੇਤਰਾਂ ਨਾਲ ਵਿਚਾਰ - ਵਟਾਂਦਰਾ ਕਰਨ ਤੋਂ ਬਾਅਦ ਸਮੁਦਾਇ ਦੀਆਂ ਜਰੂਰਤਾਂ ਨੂੰ ਧਿਆਨ ਵਿਚ ਰੱਖ ਕੇ ਕੀਤੀ ਜਾਂਦੀ ਹੈ। ਅਕਸਰ ਪੌਦਿਆਂ ਦੀ ਉਹਨਾਂ ਪ੍ਰਜਾਤੀਆਂ ਦੀ ਰੋਪਣ ਕੀਤਾ ਜਾਂਦਾ ਹੈ ਜੋ ਕਿ ਸਥਾਨਕ ਹੋਣ, ਆਯੁਰਵੈਦਿਕ ਮਹੱਤਵ ਹੋਵੇ ਅਤੇ ਉਸ ਦੇ ਨਾਲ ਹੀ ਉਸ ਤੋਂ ਆਰਥਿਕ ਲਾਭ ਵੀ ਮਿਲੇ। ਇਸ ਤਰ੍ਹਾਂ ਸਥਾਨਕ ਜੈਵਿ ਵਿਭਿੰਨਤਾ ਦਾ ਸੰਰਖਿਅਣ ਵੀ ਹੁੰਦਾ ਹੈ। ਮਿੱਟੀ ਦੇ ਗੁਣਾਂ ਖੇਤਰ ਵਿੱਚ ਵਰਖਾ ਦੇ ਪੈਟਰਨ ਅਤੇ ਸਮੁਦਾਇ ਦੀਆਂ ਆਰਥਿਕ, ਸਮਾਜਿਕ ਅਤੇ ਔਸ਼ਧੀ ਜਰੂਰਤਾਂ ਨੂੰ ਅਤੇ ਜੰਗਲੀ ਜੀਵਨ ਨੂੰ ਧਿਆਨ ਵਿੱਚ ਰੱਖਦੇ ਹੋਏ ਉਪਯੁਕਤ ਰੁੱਖਾਂ ਦੀ ਪ੍ਰਜਾਤੀਆਂ ਨੂੰ ਇੱਕਠਾ ਕੀਤਾ ਜਾਂਦਾ ਹੈ ਅਤੇ ਉਹਨਾਂ ਦੀ ਨਰਸਰੀ ਤਿਆਰ ਕੀਤੀ ਜਾਂਦੀ ਹੈ। ਉਦਾਹਰਣ ਲਈ ਪੱਛਮੀ ਬੰਗਾਲ ਦੇ ਸੁੰਦਰਬੰਸ ਨੈਸ਼ਨਲ ਪਾਰਕ ਦੇ ਖੇਤਰ ਦੇ ਆਲੇ-ਦੁਆਲੇ ਮੈਗ੍ਰੋਵ ਦੇ ਰੁੱਖ ਲਗਾਏ ਜਾਂਦੇ ਹਨ ਕਿਉਂਕਿ ਬੰਗਾਲ ਦੀ ਖਾੜੀ ਵਿੱਚ ਚੱਕਰਵਤੀ ਤੁਫ਼ਾਨ ਆਉਂਦੇ ਰਹਿੰਦੇ ਹਨ ਅਤੇ ਇਹ ਰੁੱਖ ਆਪਣਾ ਪ੍ਰਬੰਧਨ ਵਿੱਚ ਮੱਦਦ ਕਰਦੇ ਹਨ। ਹਾਲ ਦੇ ਅਧਿਐਨਾਂ ਵਿੱਚ ਇਹ ਸਾਹਮਣੇ ਆਇਆ ਹੈ ਕਿ ਇਹਨਾਂ ਰੁੱਖਾਂ ਦੀ ਚਾਲ ਦੇ ਕਾਰਨ ਸੁੰਦਰਬਨ ਨੈਸ਼ਨਲ ਪਾਰਕ ਵਿੱਚ ਅਤੇ ਆਸ-ਪਾਸ ਦੇ ਇਲਾਕਿਆਂ ਵਿੱਚ ਕੁਦਰਤੀ ਆਪਦਾ ਕਰਕੇ ਹੋਣ ਵਾਲੇ ਨੁਕਸਾਨ ਨੂੰ ਕਾਫੀ ਹੱਦ ਤੱਕ ਘੱਟ ਕਰ ਲਿਆ ਗਿਆ ਹੈ।

**ਬਾਕਸ 2: ਰੁੱਖਾਂ ਨਾਲ ਸੰਦੇਸ਼ ਭੇਜਣਾ**

ਗੋ-ਗ੍ਰੀਨ ਡਾਟ ਕਾਮ ਫੀਚਰ ਦੇ ਨਾਲ ਇੱਕ ਵਿੱਲਖਣ ਸੰਦੇਸ਼ ਭੇਜਣ ਦੀ ਪੇਸ਼ਕਸ਼ ਕਰਦਾ ਹੈ ਜਿਸ ਵਿੱਚ ਇਕ ਵਿਅਕਤੀ ਆਨਲਾਇਨ ਰੁੱਖ ਲਗਾ ਸਕਦੇ ਹਨ ਅਤੇ ਆਪਣੇ ਸਮੇਂ ਸੰਬੰਧੀਆਂ ਨੂੰ ਈ-ਟ੍ਰੀਸ ਸਰਟੀਫਿਕੇਟ ਰਾਹੀ ਪਿਆਰ ਜਤਾ ਸਕਦੇ ਹਨ। ਗ੍ਰੋ-ਗ੍ਰੀਨ ਭਾਰਤ ਦੇ ਹਰ ਘਰ ਵਿੱਚ ਰੁੱਖ ਲਗਾਉਣ ਦੀ ਆਦਤ ਨੂੰ ਵਧਾਉਣਾ ਚਾਹੁੰਦਾ ਹੈ ਇਹ ਈ-ਟ੍ਰੀਸ ਸਰਟੀਫਿਕੇਟ ਜਨਮਦਿਨ, ਤਿਉਹਾਰਾਂ ਤੇ ਪਰਿਵਾਰ ਅਤੇ ਦੋਸਤਾਂ ਨੂੰ ਤੋਹਫੇ ਵੱਲੋਂ ਦਿੱਤਾ ਜਾ ਸਕਦਾ ਹੈ। ਵਰੇਗੰਡ ਜਾਂ ਹੋਰ ਵਿਸ਼ੇਸ਼ ਮੌਕੇ ਤੁਸੀਂ ਜੋ ਕੋਈ ਰੁੱਖ ਲਗਾਉਂਦੇ ਹੋ ਉਹ ਪੇੜ ਭਾਈਚਾਰੇ ਲਈ ਰੋਜ਼ੀ-ਰੋਟੀ ਦੀ ਵਿਵਸਥਾ ਕਰਦਾ ਹੈ। ਇਹ ਦੇਸ਼ ਨੂੰ ਹਰਿਆ ਭਰਿਆ ਬਣਾਉਣ ਅਤੇ ਭਾਰਤ ਦੇ ਹਰ ਮੌਕੇ ਮੁਹੱਈਆ ਕਰਾਉਣ ਦੀ ਉਹਨਾਂ ਦੀ ਕੋਸ਼ਿਸ਼ ਹੈ।

ਪੌਦਿਆਂ ਦੀ ਉੱਚ ਜੀਵਿਤ ਦਰ ਨੂੰ ਪ੍ਰਾਪਤ ਕਰਨ ਲਈ ਉਹਨਾਂ ਨੂੰ ਪਹਿਲਾ ਨਰਸਰੀਆਂ ਵਿੱਚ ਉਗਾਇਆ ਜਾਂਦਾ ਹੈ ਅਤੇ ਫਿਰ ਉਹਨਾਂ ਨੂੰ ਰੁੱਖ ਲਗਾਉਣ ਵਾਲੀਆਂ ਥਾਵਾਂ ਉੱਪਰ ਪਹੁੰਚਾਇਆ ਜਾਂਦਾ ਹੈ। ਪਿੰਡ ਦੇ ਲੋਕ ਪੌਦ ਰੋਪਣ ਦੀ ਪ੍ਰਕ੍ਰਿਆ ਦੌਰਾਨ ਵੱਖ-ਵੱਖ ਗਤੀਵਿਧੀਆਂ ਵਿੱਚ ਸ਼ਾਮਿਲ ਹੁੰਦੇ ਹਨ ਜਿਵੇਂ ਨਰਸਰੀ ਵਿੱਚ ਸੋ ਪਲਿੰਗ ਤਿਆਰ ਕਰਨਾ ਸੋ ਪਲਿੰਗ ਨੂੰ ਪੌਦੇ ਲਗਾਉਣ ਵਾਲੀ ਜਗ੍ਹਾ ਤੱਕ ਲੈ ਕੇ ਜਾਣਾ, ਜਗ੍ਹਾ ਦੀ ਸਫ਼ਾਈ, ਟੋਏ ਪੁੱਟਣਾ, ਪੌਦੇ ਲਗਾਉਣਾ ਅਤੇ ਉਹਨਾਂ ਨੂੰ ਪਾਣੀ ਦੇਣਾ ਆਦਿ। ਇਸ ਕੰਮ ਨਾਲ ਆਦੀਵਾਸੀ ਗ੍ਰਾਮੀਣ ਸਮੁਦਾਇ ਦੇ ਲੋਕਾਂ ਨੂੰ ਰੁਜ਼ਗਾਰ ਮਿਲਿਆ ਹੈ ਖਾਸ ਕਰਕੇ ਔਰਤਾਂ ਨੂੰ ਰੋਜ਼ਾਨਾ ਦਿਹਾੜੀ ਦੇ ਆਧਾਰ ਤੇ ਕੰਮ ਮਿਲਦਾ ਹੈ।



***ਨਰਸਰੀ ਤਿਆਰ ਕਰਨ ਤੇ ਪਿੰਡ ਦੀਆਂ ਔਰਤਾਂ ਨੂੰ ਰੁਜ਼ਗਾਰ ਦੇ ਮੌਕੇ ਉਪਲਬਧ ਕਰਾਏ ਹਨ।***

ਕਿਉਂਕਿ ਰੁੱਖ ਸਾਰੇ ਪਿੰਡ ਦੇ ਹੁੰਦੇ ਹਨ, ਇਸ ਲਈ ਉਨਾਂ ਤੋਂ ਮਿਲਣ ਵਾਲੇ ਸਮਾਜਿਕ - ਆਰਥਿਕ ਲਾਭ ਉੱਪਰ ਸਾਰੇ ਪਿੰਡ ਦਾ ਹੱਕ ਹੁੰਦਾ ਹੈ। ਪਿੰਡ ਦੇ ਲੋਕ ਫੈਸਲਾ ਲੈਂਦੇ ਹਨ ਕਿ ਫਲਾਂ ਦੇ ਦਰੱਖਤਾਂ ਤੋਂ ਮਿਲਣ ਵਾਲੇ ਉਤਪਾਦ ਨੂੰ ਆਪ ਵਰਤਿਆ ਜਾਵੇ ਨਾ ਮੰਡੀ ਵਿਚ ਵੇਚਿਆ ਜਾਵੇ। ਇਸੇ ਤਰ੍ਹਾਂ ਬਾਕੀ ਰੁੱਖਾਂ ਤੋਂ ਮਿਲਣ ਵਾਲੇ ਉਤਪਾਦਨ ਬਾਰੇ ਵੀ ਪਿੰਡ ਦੇ ਲੋਕ ਹੀ ਫੈਸਲਾ ਲੈਂਦੇ ਹਨ। ਐਨ.ਟੀ.ਐਫ.ਪੀ. (ਗੈਰ ਲੱਕੜੀ ਜੰਗਲ ਉਤਪਾਦ) ਇੱਕ ਵਾਰ ਪਰਿਪੱਕ ਹੋ ਜਾਣ ਤੋਂ ਮੈਂਬਰਾਂ ਨੂੰ ਜਿੰਦਗੀ ਭਰ ਲਈ ਆਮਦਨੀ ਦਾ ਟਿਕਾਊ ਮੱਹਤਵ ਦਿੰਦੇ ਹਨ।

## ਨਤੀਜੇ ਅਤੇ ਪ੍ਰਭਾਵ:-

2010 ਵਿੱਚ ਵਿਸ਼ਵ ਵਾਤਾਵਰਨ ਦਿਵਸ ਉੱਪਰ ਇਸ ਸੰਸਥਾ ਨੇ 20 ਸੂਬਿਆਂ ਵਿੱਚ 4.5 ਮਿਲੀਅਨ ਰੁੱਖ ਲਗਵਾਏ ਜਿਸ ਨਾਲ ਪੇਂਡੂ ਭਾਈਚਾਰੇ ਨੂੰ 370,000 ਦਿਨਾਂ ਦਾ ਰੁਜ਼ਗਾਰ ਮਿਲਿਆ। ਇਸ ਦੇ ਨਾਲ ਹੀ ਪੌਦ ਰੋਪਣ ਦੀ ਪ੍ਰਕ੍ਰਿਆ ਵਿੱਚ ਪਿੰਡ ਦੇ ਲੋਕਾਂ ਨੂੰ ਸ਼ਾਮਿਲ ਕਰਕੇ ਉਹਨਾਂ ਲਈ ਰੁਜ਼ਗਾਰ ਮੁੱਹਈਆ ਕਰਵਾਇਆ ਅਤੇ ਇਸ ਦੇ ਨਾਲ ਹੀ ਗੈਰ ਲੱਕੜੀ ਵਣ ਉਤਪਾਦ ਰਾਹੀ ਵੀ ਉਹਨਾਂ ਲਈ ਆਮਦਨੀ ਦਾ ਸਾਧਨ ਪੈਦਾ ਕੀਤਾ। ਪੌਦ ਰੋਪਣ ਦੀ ਪ੍ਰਕ੍ਰਿਆ ਵਿੱਚ ਸ਼ਾਮਿਲ ਇੱਕ ਮੈਂਬਰ ਦਾ ਕਹਿਣਾ ਹੈ, "ਜਦੋਂ ਮੇਰੇ ਬੱਚੇ ਵੀ ਮੈਨੂੰ ਛੱਡ ਜਾਣਗੇ ਉਦੋਂ ਵੀ ਇਹ ਰੁੱਖ ਮੇਰੇ ਨਾਲ ਰਹਿਣਗੇ ਹਮੇਸ਼ਾ ਲਈ ਅਤੇ ਮੇਰਾ ਅਤੇ ਮੇਰੀ ਪਤਨੀ ਦਾ ਸਾਡੇ ਬੁਢਾਪੇ ਵਿਚ ਧਿਆਨ ਰੱਖਣਗੇ।"

ਆਪਣੇ ਪ੍ਰੋਜੈਕਟ ਦੁਆਰਾ ਗ੍ਰੋ-ਗ੍ਰੀਨ ਰਾਜਸਥਾਨ ਅਤੇ ਗੁਜਰਾਤ ਦੇ ਸਿਰਜਨ ਪਿੰਡਾਂ ਵਿਚ ਪਾਣੀ ਮੁਹੱਈਆ ਕਰਵਾਉਣ ਵਿਚ ਸਫਲ ਰਿਹਾ ਹੈ। ਉਦਾਹਰਣ ਲਈ ਸਾਰਿਸਕਾ ਟਾਈਗਰ ਰਿਜ਼ਰਵ ਨੇੜਲੇ ਸਾਡੇ ਪੌਦ ਰੋਪਣ ਸਥਾਨ ਦੇ ਖੇਤਰ ਵਿੱਚ ਪਾਣੀ ਦਾ ਪੱਧਰ 400 ਫੁੱਟ ਦੇ ਮੁਕਾਬਲੇ 40 ਫੁੱਟ ਤੇ ਆ ਗਿਆ। ਜਦੋਂ ਪੌਦ ਰੋਪਣ ਦਾ ਸ਼ੁਰੂ ਕੀਤਾ ਗਿਆ ਸੀ ਉਦੋਂ ਇਹ 400 ਫੁੱਟ ਤੇ ਸੀ। ਪਿਛਲੇ 4 ਸਾਲਾਂ ਵਿਚ 4 ਲੱਖ ਤੋਂ ਵੱਧ ਰੁੱਖ ਲਗਾਏ ਗਏ ਹਨ ਜਿਸ ਨਾਲ ਨਾ ਸਿਰਫ ਸਥਾਨਕ ਸਮੁਦਾਇ ਨੂੰ ਫਾਇਦਾ ਹੋਇਆ ਬਲਕਿ ਟਾਈਗਰ ਦੇ ਆਵਾਸ ਵਿਚ ਵੀ ਸੁਧਾਰ ਆਇਆ।

ਲੱਖਾਂ ਲੋਕਾਂ ਦੀ ਜਿੰਦਗੀ ਵਿਚ ਸਕਾਰਾਤਮਕ ਬਦਲਾਅ ਲਿਆਉਣ ਤੋਂ ਬਾਅਦ ਗ੍ਰੋ-ਗ੍ਰੀਨ ਨੇ ਹਮੇਸ਼ਾ ਇਹ ਕੋਸ਼ਿਸ਼ ਕੀਤੀ ਹੈ ਕਿ ਇਸਦੇ ਪ੍ਰੋਜੈਕਟਾਂ ਰਾਹੀ ਲੋਕਾਂ ਨੂੰ ਵੱਧ ਤੋਂ ਵੱਧ ਲਾਭ ਮਿਲੇ। ਦੇਸ਼ ਦੇ ਅਵਕਿਆਸੇ ਹਿੱਸਿਆਂ ਵਿੱਚ ਵੱਡੇ ਪੱਧਰ ਤੋਂ ਪੌਦ ਰੋਪਣ ਸ਼ੁਰੂ ਕਰਕੇ ਇਹ ਉਹਨਾਂ ਲੋਕਾਂ ਤੱਕ ਪਹੁੰਚੀ ਜਿੰਨਾਂ ਨੂੰ ਹੁਣ ਤੱਕ ਨਜ਼ਰ-ਅੰਦਾਜ਼ ਕੀਤਾ ਜਾਂਦਾ ਸੀ। ਇਹ ਸੰਬੰਧਿਤ ਗਤੀਵਿਧੀਆਂ ਰਾਹੀ ਪੇਂਡੂ ਭਾਈਚਾਰੇ ਦੀ ਆਮਦਨੀ ਵਧਾਉਣ ਉੱਪਰ ਵੀ ਕੰਮ ਕਰ ਰਹੀ ਹੈ। ◆

**ਸੁਪ੍ਰਿਆ ਪਾਟਿਲ**
ਜੀ3, ਸਚਹਿਰਾਜਾਦੇ ਬਿਲਡਿੰਗ,
ਕੋਲਾਬਾ, ਮਹਾਰਾਸ਼ਟਰ - 400005
E-mail: supriya.patil@grow-trees.com
www.Grow-Trees.com

**Growing trees, strengthening livelihoods, protecting environment**
**LEISA India, December 2019**